ਵਕੀਲ ਦੀ ਲੋੜ ? 905-362-0755
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
ਬੈੱਡ ਬਗਜ਼ (ਖਟਮਲ) ਖ਼ਤਮ 647-688-3944
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489

# ਐਪਸਟੀਨ ਫ਼ਾਈਲਜ਼ 'ਚ ਕਈ ਤਾਕਤਵਰ ਸ਼ਖ਼ਸੀਅਤਾਂ ਦੇ ਨਾਂ ਆਏ ਸਾਹਮਣੇ

ਨਿਊ ਯੌਰਕ: ਅਮਰੀਕਾ ਦੇ ਨਿਆਂ ਵਿਭਾਗ (ਡਿਪਾਰਟਮੈਂਟ ਔਫ਼ ਜਸਟਿਸ) ਨੇ ਜੈਫ਼ਰੀ ਐਪਸਟੀਨ ਨਾਲ ਜੁੜੇ ਦਸਤਾਵੇਜ਼ਾਂ ਦਾ ਇੱਕ ਹੋਰ ਵੱਡਾ ਰਿਕਾਰਡ ਜਾਰੀ ਕੀਤਾ ਹੈ ਜਿਸ 'ਚ ਤਕਨੀਕੀ ਦਿੱਗਜਾਂ, ਵਾਲ ਸਟ੍ਰੀਟ ਦੇ ਬ੍ਰੋਕਰਾਂ ਅਤੇ ਵਿਦੇਸ਼ੀ ਸ਼ਖ਼ਸੀਅਤਾਂ ਦੇ ਨਾਂ ਸ਼ਾਮਿਲ ਹਨ। ਇਹ ਦਸਤਾਵੇਜ਼ ਐਪਸਟੀਨ ਵਿਰੁੱਧ ਜਿਨਸੀ ਸ਼ੋਸ਼ਣ ਦੀਆਂ ਜਾਂਚਾਂ ਨਾਲ ਸਬੰਧਤ ਹਨ ਹਾਲਾਂਕਿ ਇਨ੍ਹਾਂ 'ਚ ਸ਼ਾਮਿਲ ਕਿਸੇ ਵੀ ਵਿਅਕਤੀ 'ਤੇ ਅਜੇ ਤਕ ਕੋਈ ਅਪਰਾਧਕ ਦੋਸ਼ ਨਹੀਂ ਲਗਾਇਆ ਗਿਆ।

ਤਾਜ਼ਾ ਦਸਤਾਵੇਜ਼ਾਂ 'ਚ ਬ੍ਰਿਟੇਨ ਦੇ ਸਾਬਕਾ ਪ੍ਰਿੰਸ ਦਾ ਨਾਂ ਸੈਂਕੜੇ ਵਾਰ ਆਇਆ ਹੈ। ਉਨ੍ਹਾਂ 'ਤੇ ਲੱਗੇ ਦੋਸ਼ਾਂ ਕਾਰਨ ਕਿੰਗ ਚਾਰਲਸ ਨੇ ਉਨ੍ਹਾਂ ਦੇ ਸ਼ਾਹੀ ਖਿਤਾਬ ਪਹਿਲਾਂ ਹੀ ਵਾਪਿਸ ਲੈ ਲਏ ਸਨ। ਇਨ੍ਹਾਂ ਦਸਤਾਵੇਜ਼ਾਂ 'ਚ ਟਰੰਪ ਦਾ ਵੀ ਹਜ਼ਾਰਾਂ ਵਾਰ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ 'ਚ ਉਨ੍ਹਾਂ ਬਾਰੇ ਕਈ ਨਿਊਜ਼ ਆਰਟੀਕਲ ਸ਼ਾਮਿਲ ਹਨ। ਇਸ ਤੋਂ ਇਲਾਵਾ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਬਾਰੇ ਵੀ ਦੱਸਿਆ ਗਿਆ ਹੈ ਕਿ ਉਹ ਵੀ ਐਪਸਟੀਨ ਦੇ ਨਿੱਜੀ ਜਹਾਜ਼ 'ਚ ਸਫ਼ਰ ਕਰ ਚੁੱਕੇ ਹਨ।

ਇਸ ਤੋਂ ਇਲਾਵਾ ਟੇਸਲਾ ਦੇ ਸੰਸਥਾਪਕ ਈਲੌਨ ਮਸਕ ਅਤੇ ਵਰਜਿਨ ਗਰੁੱਪ ਦੇ ਰਿਚਰਡ ਬ੍ਰੈਨਸਨ ਨਾਲ ਹੋਈਆਂ ਈ-ਮੇਲਾਂ ਦਾ ਵੀ ਇਨ੍ਹਾਂ ਦਸਤਾਵੇਜ਼ਾਂ 'ਚ ਜ਼ਿਕਰ ਹੈ। ਹਾਲਾਂਕਿ ਮਸਕ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਐਪਸਟੀਨ ਦੇ ਟਾਪੂ 'ਤੇ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਗੂਗਲ ਦੇ ਸਹਿ-ਸੰਸਥਾਪਕ ਸਰਗੇਈ ਬ੍ਰਿਨ, ਇਜ਼ਰਾਇਲ ਦੇ ਸਾਬਕਾ ਪ੍ਰਧਾਨ ਮੰਤਰੀ ਅਹਿਦ ਬਰਾਕ ਅਤੇ ਸਾਬਕਾ ਅਮਰੀਕੀ ਖ਼ਜ਼ਾਨਾ ਸਕੱਤਰ ਲੈਰੀ ਸਮਰਜ਼ ਦੇ ਨਾਮ ਵੀ ਇਨ੍ਹਾਂ ਫ਼ਾਈਲਾਂ 'ਚ ਮੌਜੂਦ ਹਨ।

ਸਲੋਵਾਕੀਆ ਦੇ ਪ੍ਰਧਾਨ ਮੰਤਰੀ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਿਰੋਸਲਾਵ ਲਾਜਕਾਕ ਨੇ ਇਨ੍ਹਾਂ ਫ਼ਾਈਲਾਂ 'ਚ ਨਾਂ ਸਾਹਮਣੇ ਆਉਣ ਤੋਂ ਬਾਅਦ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਨ੍ਹਾਂ ਸਾਰੀਆਂ ਹਸਤੀਆਂ ਨੇ ਐਪਸਟੀਨ ਦੁਆਰਾ ਕੀਤੇ ਗਏ ਜਿਨਸੀ ਸ਼ੋਸ਼ਣ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਤੋਂ ਇਨਕਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਐਪਸਟੀਨ ਨੇ 2019 'ਚ ਜੇਲ੍ਹ 'ਚ ਖ਼ੁਦਕੁਸ਼ੀ ਕਰ ਲਈ ਸੀ

Home Care Workers ਅਤੇ Nanies ਲਈ PR 416-848-3930
Line of Credit Fix Bad Credit Get OSAP Loan 905-965-4644
ਦੰਦ ਲਗਵਾਓ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
ਬੈੱਡ ਬਗਜ਼ (ਖਟਮਲ) ਖ਼ਤਮ 647-688-3944

# ਬਿਲ ਗੇਟਸ ਦੀਆਂ ਕਾਲੀਆਂ ਕਰਤੂਤਾਂ ਦਾ ਖ਼ੁਲਾਸਾ

ਵਾਸ਼ਿੰਗਟਨ: ਮਾਈਕ੍ਰੋਸੌਫ਼ਟ ਦੇ ਸਹਿ-ਸੰਸਥਾਪਕ ਬਿੱਲ ਗੇਟਸ ਇੱਕ ਵਾਰ ਫ਼ਿਰ ਵਿਵਾਦਾਂ 'ਚ ਘਿਰ ਗਏ ਹਨ। ਅਮਰੀਕਾ ਦੇ ਨਿਆਂ ਵਿਭਾਗ ਵਲੋਂ ਜਾਰੀ ਕੀਤੀਆਂ ਗਈਆਂ ਜੈਫ਼ਰੀ ਐਪਸਟੀਨ ਦੀਆਂ 35 ਲੱਖ ਪੰਨਿਆਂ ਦੀਆਂ ਫ਼ਾਈਲਾਂ 'ਚ ਗੇਟਸ ਵਿਰੁੱਧ ਕਈ ਹੈਰਾਨ ਕਰਨ ਵਾਲੇ ਦਾਅਵੇ ਕੀਤੇ ਗਏ ਹਨ। ਇਨ੍ਹਾਂ ਦਸਤਾਵੇਜ਼ਾਂ ਅਨੁਸਾਰ ਸਜ਼ਾਯਾਫ਼ਤਾ ਜਿਨਸੀ ਅਪਰਾਧੀ ਐਪਸਟੀਨ ਨੇ ਦਾਅਵਾ ਕੀਤਾ ਸੀ ਕਿ ਬਿੱਲ ਗੇਟਸ ਨੇ ਰੂਸੀ ਲੜਕੀਆਂ ਨਾਲ ਸਬੰਧਾਂ ਤੋਂ ਬਾਅਦ ਹੋਣ ਵਾਲੀਆਂ ਜਿਨਸੀ ਬੀਮਾਰੀਆਂ ਦੇ ਇਲਾਜ ਲਈ ਆਪਣੇ ਇੱਕ ਸਲਾਹਕਾਰ ਤੋਂ

ਦਵਾਈਆਂ ਮੰਗੀਆਂ ਸਨ।

ਐਪਸਟੀਨ ਨੇ ਗੇਟਸ ਦੇ ਲੰਬੇ ਸਮੇਂ ਦੇ ਵਿਗਿਆਨ ਸਲਾਹਕਾਰ ਬੋਰਿਸ ਨਿਕੋਲਿਕ ਦੇ ਨਾਮ 'ਤੇ ਇੱਕ ਡਰਾਫ਼ਟ ਸਟੇਟਮੈਂਟ ਤਿਆਰ ਕੀਤੀ ਸੀ। ਇਸ ਡਰਾਫ਼ਟ 'ਚ ਦੋਸ਼ ਲਗਾਇਆ ਗਿਆ ਸੀ ਕਿ ਗੇਟਸ ਨੇ ਨਿਕੋਲਿਕ ਨੂੰ ਅਜਿਹੀਆਂ ਐਂਟੀਬਾਇਔਟਿਕ ਦਵਾਈਆਂ ਮੁਹੱਈਆ ਕਰਵਾਉਣ ਲਈ ਕਿਹਾ ਸੀ ਜੋ ਉਹ ਗੁਪਤ ਰੂਪ 'ਚ ਆਪਣੀ ਤਤਕਾਲੀ ਪਤਨੀ ਮਲਿੰਡਾ ਨੂੰ ਦੇ ਸਕਣ। ਇਸ ਤੋਂ ਇਲਾਵਾ, ਗੇਟਸ 'ਤੇ ਵਿਆਹੁਤਾ ਔਰਤਾਂ ਨਾਲ ਗ਼ੈਰ-ਕਾਨੂੰਨੀ ਸਬੰਧ ਬਣਾਉਣ 'ਚ ਮਦਦ ਲੈਣ ਅਤੇ ਬ੍ਰਿਜ ਟੂਰਨਾਮੈਂਟਾਂ ਲਈ ਐਡਰਾਲ ਨਾਮਕ ਦਵਾਈ ਦੀ ਮੰਗ ਕਰਨ ਦੇ ਵੀ ਦੋਸ਼ ਲਗਾਏ ਗਏ ਹਨ।

ਐਪਸਟੀਨ ਨੇ 2017 'ਚ ਬਿੱਲ ਗੇਟਸ ਨੂੰ ਉਨ੍ਹਾਂ ਦੇ ਇੱਕ ਰੂਸੀ ਬ੍ਰਿਜ ਖਿਡਾਰੀ ਮਿਲਾ ਐਂਟੋਨੋਵਾ ਨਾਲ ਅਫ਼ੇਅਰ ਦਾ ਖ਼ੁਲਾਸਾ ਕਰਨ ਦੀ ਧਮਕੀ ਵੀ ਦਿੱਤੀ ਸੀ। ਇਹ ਧਮਕੀ ਓਦੋਂ ਦਿੱਤੀ ਗਈ ਸੀ ਜਦੋਂ ਗੇਟਸ ਨੇ ਐਪਸਟੀਨ ਦੁਆਰਾ ਜੇ. ਪੀ. ਮੌਰਗਨ ਚੇਜ਼ ਨਾਲ ਸ਼ੁਰੂ ਕੀਤੇ ਗਏ ਇੱਕ ਚੈਰੀਟੇਬਲ ਫ਼ੰਡ 'ਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ।

ਦੂਜੇ ਪਾਸੇ ਬਿੱਲ ਗੇਟਸ ਦੇ ਬੁਲਾਰੇ ਨੇ ਇਨ੍ਹਾਂ ਸਾਰੇ ਇਲਜ਼ਾਮਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਬੁਲਾਰੇ ਨੇ ਇਨ੍ਹਾਂ ਦਾਅਵਿਆਂ ਨੂੰ ਪੂਰੀ ਤਰ੍ਹਾਂ ਬੇਬੁਨਿਆਦ, ਬੇਤੁਕੇ ਅਤੇ ਝੂਠੇ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਹ ਫ਼ਾਈਲਾਂ ਐਪਸਟੀਨ ਦੇ ਮਾਮਲੇ ਦੀ ਜਾਂਚ ਦੌਰਾਨ ਸਾਹਮਣੇ ਆਈਆਂ ਹਨ ਜਿਸ ਨੇ 2013 'ਚ ਇਹ ਦਾਅਵੇ ਕੀਤੇ ਸਨ।

Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
Security Cameras CCTV Live Monitoring 647-863-9232
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644

**ਮੇਖ** (21 ਮਾਰਚ ਤੋਂ 20 ਅਪ੍ਰੈਲ)
ਜ਼ਿਆਦਾ ਗੁੱਸੇ ਨਾਲ ਤੁਸੀਂ ਆਪਣੀ ਸਿਹਤ ਤੇ ਕੰਮ ਦਾ ਨੁਕਸਾਨ ਕਰ ਰਹੇ ਹੋ। ਜ਼ਰੂਰੀ ਨਹੀਂ ਕਿ ਹਰ ਗੱਲ ਵਿੱਚ ਤੁਹਾਡਾ ਹੀ ਨਜ਼ਰੀਆ ਠੀਕ ਹੋਵੇ, ਕਈ ਵਾਰੀ ਦੂਜੇ ਵਲੋਂ ਦਿੱਤੀ ਸਲਾਹ ਵੀ ਚੰਗੀ ਹੁੰਦੀ ਹੈ। ਆਪਣੇ ਆਪ ਨੂੰ ਬਦਲੋ। ਫ਼ਿਰ ਦੇਖੋ ਕਿਵੇਂ ਤੁਹਾਡੀਆਂ ਔਕੜਾਂ ਦੂਰ ਹੁੰਦੀਆਂ ਹਨ। ਪਿਤਾ ਜੀ ਨਾਲ ਅਣਬਣ ਹੋ ਸਕਦੀ ਹੈ। ਮਕਾਨ ਖਰੀਦਣ ਤੋਂ ਪਹਿਲਾਂ ਪੜਤਾਲ ਕਰ ਲਓ।

**ਸਿੰਘ** (23 ਜੁਲਾਈ ਤੋਂ 23 ਅਗਸਤ)
ਪੁਰਾਣੀਆਂ ਆਦਤਾਂ ਨੂੰ ਬਦਲਣ ਦੀ ਲੋੜ ਹੈ। ਕਿਸੇ ਵੀ ਕੰਮ ਨੂੰ ਜੇ ਲਗਾਤਾਰ ਕਰੋਗੇ ਤਾਂ ਹੀ ਉਸ ਦੇ ਸਹੀ ਨਤੀਜੇ ਸਾਹਮਣੇ ਆਉਣਗੇ। ਇਸ ਲਈ ਉਸ ਹੀ ਕੰਮ ਨੂੰ ਹੱਥ ਪਾਓ ਜਿਸ ਨੂੰ ਤੁਸੀਂ ਕਰ ਸਕਦੇ ਹੋਵੋ। ਅਧੂਰੇ ਮਨ ਨਾਲ ਕੀਤਾ ਕੋਈ ਵੀ ਕੰਮ ਫ਼ਾਇਦਾ ਕਰਨ ਦੀ ਥਾਂ ਨੁਕਸਾਨ ਕਰੇਗਾ। ਘਰ ਵਿੱਚ ਸੁੱਖ ਸ਼ਾਂਤੀ ਬਣੀ ਰਹੇਗੀ ਅਤੇ ਮਨੋਰੰਜਨ ਦਾ ਯੋਗ ਵੀ ਹੈ।

**ਧਨ** (23 ਨਵੰਬਰ ਤੋਂ 23 ਦਸੰਬਰ)
ਦੂਜਿਆਂ ਦੀ ਪ੍ਰੇਸ਼ਾਨੀ ਲੈਣੀ ਛੱਡਕੇ ਆਪਣੇ ਕੰਮ ਵਲ ਧਿਆਨ ਦਿਓ। ਦੂਜੇ ਤੁਹਾਡੀ ਸਲਾਹ ਲੈ ਕੇ ਕਿਤੇ ਦੇ ਕਿਤੇ ਪਹੁੰਚ ਜਾਂਦੇ ਹਨ ਤੇ ਤੁਸੀਂ ਉਥੇ ਦੇ ਉਥੇ ਰਹਿ ਜਾਂਦੇ ਹੋ। ਗਲਤੀਆਂ ਨੂੰ ਯਾਦ ਕਰ ਕੇ ਮਨ ਬੇਚੈਨ ਰਹਿ ਸਕਦਾ ਹੈ। ਨਵੀਆਂ ਯੋਜਨਾਵਾਂ ਬਣਨਗੀਆਂ ਤੇ ਪੁਰਾਣੀਆਂ ਦੇ ਸਫ਼ਲ ਹੋਣ ਦੀ ਵੀ ਸੰਭਾਵਨਾ ਹੈ। ਦਫ਼ਤਰ 'ਚ ਕਿਸੇ ਵਲੋਂ ਤੁਹਾਨੂੰ ਪ੍ਰੇਸ਼ਾਨ ਕੀਤਾ ਜਾ ਸਕਦਾ।

**ਬ੍ਰਿਖ** (21 ਅਪ੍ਰੈਲ ਤੋਂ 21 ਮਈ)
ਪਰਿਵਾਰ ਵਿੱਚ ਮਾਤਾ ਜੀ ਦੇ ਨਾਲ ਕਿਸੇ ਗਲ ਤੋਂ ਟਕਰਾਓ ਹੋਣ ਦਾ ਯੋਗ ਹੈ। ਤੁਸੀਂ ਇਸ ਨੂੰ ਟਾਲ ਸਕਦੇ ਹੋ ਬਸ ਲੋੜ ਹੈ ਉਨ੍ਹਾਂ ਦੀ ਗੱਲ ਸੁਨਣ ਦੀ। ਪਤਨੀ ਵਾਲੇ ਪਾਸੇ ਤੋਂ ਕੋਈ ਖੁਸ਼ੀ ਮਿਲ ਸਕਦੀ ਹੈ। ਬੱਚਿਆਂ ਦੇ ਦਾਖਲੇ ਨੂੰ ਲੈ ਕੇ ਪ੍ਰੇਸ਼ਾਨੀ ਦੂਰ ਹੋ ਜਾਵੇਗੀ। ਪ੍ਰੇਮ ਸਬੰਧਾਂ 'ਚ ਨਵੀਂ ਸ਼ੁਰੂਆਤ ਹੋਵੇਗੀ। ਤੁਹਾਡਾ ਵਿਵੇਕ ਤੁਹਾਨੂੰ ਨਵੀਂਆਂ ਬੁਲੰਦੀਆਂ ਵੱਲ ਲੈ ਕੇ ਜਾਵੇਗਾ।

**ਕੰਨਿਆ** (24 ਅਗਸਤ ਤੋਂ 23 ਸਤੰਬਰ)
ਦੇਰ ਤੋਂ ਚੱਲ ਰਿਹਾ ਜ਼ਮੀਨ ਦਾ ਵਿਵਾਦ ਬਜ਼ੁਰਗਾਂ ਦੀ ਮਦਦ ਨਾਲ ਖ਼ਤਮ ਹੋ ਜਾਵੇਗਾ। ਇਸ ਹਫ਼ਤੇ ਕਿਸੇ ਨਵੀਂ ਜ਼ਮੀਨ ਦਾ ਸੌਦਾ ਹੋਣ ਦਾ ਵੀ ਯੋਗ ਬਣ ਰਿਹਾ ਹੈ। ਸ਼ੇਅਰ ਬਾਜ਼ਾਰ ਵਿੱਚ ਜ਼ਰੂਰਤ ਤੋਂ ਜ਼ਿਆਦਾ ਪੈਸਾ ਲਾਉਣਾ ਨੁਕਸਾਨ ਕਰ ਸਕਦਾ ਹੈ। ਮਿਊਚਲ ਫ਼ੰਡ ਫ਼ਾਇਦਾ ਦੇ ਸਕਦੇ ਹਨ। ਬੱਚੇ ਨੂੰ ਕਿਸੇ ਚੰਗੇ ਕਾਲਜ ਵਿੱਚ ਦਾਖਲਾ ਮਿਲ ਸਕਦਾ ਹੈ।

**ਮਕਰ** (24 ਦਸੰਬਰ ਤੋਂ 20 ਜਨਵਰੀ)
ਵਪਾਰ ਵਿੱਚ ਘਾਟੇ ਕਾਰਨ ਚੱਲ ਰਹੀ ਪ੍ਰੇਸ਼ਾਨੀ ਦੂਰ ਹੋਣ ਦਾ ਸਮਾਂ ਆ ਗਿਆ ਹੈ। ਪੁਰਾਣੀਆਂ ਗਲਤੀਆਂ ਨੂੰ ਭੁੱਲ ਕੇ ਨਵੀਂ ਸ਼ੁਰੂਆਤ ਨਾਲ ਵਪਾਰ ਵਧੀਆ ਚਲ ਸਕਦਾ ਹੈ। ਧਨ ਨੂੰ ਲੈ ਕੇ ਚਲ ਰਹੀ ਤੰਗੀ ਦੂਰ ਹੋਵੇਗੀ ਤੇ ਕਿਸੇ ਦੋਸਤ ਤੋਂ ਵੀ ਮਦਦ ਮਿਲੇਗੀ। ਘਰ ਵਿੱਚ ਬਿਜਲੀ ਦੇ ਉਪਕਰਣ ਖਰਾਬ ਹੋ ਸਕਦੇ ਹਨ। ਘਰ ਵਿੱਚ ਖੁਸ਼ੀ ਦਾ ਮਾਹੌਲ ਬਣੇਗਾ।

**ਮਿਥੁਨ** (22 ਮਈ ਤੋਂ 21 ਜੂਨ)
ਤੁਹਾਡੇ ਵਾਸਤੇ ਇਹ ਹਫ਼ਤਾ ਮਿਲਿਆ ਜੁਲਿਆ ਰਹੇਗਾ। ਤੁਸੀਂ ਆਪਣੀਆਂ ਗੱਲਾਂ ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰੋਗੇ ਅਤੇ ਤੁਹਾਡੇ ਵਿਰੋਧੀ ਤੁਹਾਡੇ ਅੱਗੇ ਟਿਕ ਨਹੀਂ ਸਕਣਗੇ। ਸਰੀਰ 'ਚ ਕਿਸੇ ਥਾਂ 'ਤੇ ਦਰਦ ਰਹਿ ਸਕਦੀ ਹੈ। ਭਰਾ ਨਾਲ ਕਿਸੇ ਗੱਲ 'ਤੋਂ ਟਕਰਾਅ ਹੋ ਸਕਦਾ ਹੈ, ਪਰ ਜਲਦੀ ਹੀ ਖ਼ਤਮ ਹੋ ਜਾਵੇਗਾ। ਕੰਮ ਦੇ ਨਾਲ ਪਰਿਵਾਰ ਲਈ ਕੁਝ ਸਮਾਂ ਕੱਢੋ।

**ਤੁਲਾ** (24 ਸਤੰਬਰ ਤੋਂ 23 ਅਕਤੂਬਰ)
ਕੰਮ ਵਿੱਚ ਵੱਡੀ ਤਬਦੀਲੀ ਹੋਣ ਜਾ ਰਹੀ ਹੈ। ਇਹ ਤੁਹਾਡੇ ਲਈ ਚੰਗਾ ਸਮਾਂ ਲੈ ਕੇ ਆ ਰਹੀ ਹੈ। ਤਬਦੀਲੀ ਨੂੰ ਲੈ ਕੇ ਚਿੰਤਾ ਨਾ ਕਰੋ। ਭਰਾ ਨਾਲ ਚੱਲ ਰਿਹਾ ਕੋਈ ਪੁਰਾਣਾ ਵਿਵਾਦ ਖ਼ਤਮ ਹੋ ਜਾਵੇਗਾ ਅਤੇ ਇੱਕ ਨਵੀਂ ਸ਼ੁਰੂਆਤ ਰਿਸ਼ਤੇ ਵਿੱਚ ਹੋਵੇਗੀ। ਨੌਕਰੀ ਵਾਲਿਆਂ ਲਈ ਤਰੱਕੀ ਦਾ ਯੋਗ ਬਣ ਰਿਹਾ ਹੈ, ਜਿਸ ਲਈ ਤੁਸੀਂ ਬੜੀ ਦੇਰ ਤੋਂ ਇੰਤਜ਼ਾਰ ਕਰ ਰਹੇ ਸੀ।

**ਕੁੰਭ** (21 ਜਨਵਰੀ ਤੋਂ 19 ਫ਼ਰਵਰੀ)
ਕਿਸੇ ਨਾਲ ਜੇ ਕੋਈ ਨਵਾਂ ਕੰਮ ਸਾਂਝੇਦਾਰੀ ਵਿੱਚ ਸ਼ੁਰੂ ਕਰਨ ਜਾ ਰਹੇ ਹੋ ਤਾਂ ਅਜੇ ਰੁਕ ਜਾਵੋ। ਇਹ ਸਾਂਝੇਦਾਰੀ ਤੁਹਾਡੇ ਲਈ ਮੁਸੀਬਤ ਬਣ ਸਕਦੀ ਹੈ। ਦਫ਼ਤਰ ਵਿੱਚ ਵੀ ਤੇ ਬਾਹਰ ਵੀ ਕਿਸੇ ਕਾਗਜ਼ 'ਤੇ ਪੜ੍ਹੇ ਬਿਨਾਂ ਹਸਤਾਖ਼ਰ ਨਾ ਕਰੋ ਨਹੀਂ ਤਾਂ ਮੁਸੀਬਤ 'ਚ ਫ਼ਸ ਸਕਦੇ ਹੋ। ਕਿਸੇ ਬਾਹਰੀ ਵਿਅਕਤੀ ਦੀ ਜ਼ਿੰਮੇਵਾਰੀ ਨਾ ਚੁੱਕੋ ਅਤੇ ਨਾ ਹੀ ਕਿਸੇ ਲੜਾਈ ਝਗੜੇ ਵਿੱਚ ਪਵੋ।

**ਕਰਕ** (22 ਜੂਨ ਤੋਂ 22 ਜੁਲਾਈ)
ਇਹ ਹਫ਼ਤਾ ਉਨ੍ਹਾਂ ਲਈ ਚੰਗੀ ਖਬਰ ਲੈ ਕੇ ਆ ਰਿਹਾ ਹੈ ਜਿਨ੍ਹਾਂ ਦੇ ਵਿਆਹ ਦੀ ਗੱਲ ਬਹੁਤ ਦੇਰ ਤੋਂ ਸਿਰੇ ਨਹੀਂ ਚੜ੍ਹ ਰਹੀ ਸੀ। ਜਿਨ੍ਹਾਂ ਨੇ ਨੌਕਰੀ ਲਈ ਅਪਲਾਈ ਕੀਤਾ ਹੈ, ਉਨ੍ਹਾਂ ਨੂੰ ਵੀ ਖੁਸ਼ੀ ਵਾਲੀ ਖ਼ਬਰ ਮਿਲੇਗੀ ਅਤੇ ਮਨੋਰੰਜਨ ਦੇ ਮੌਕੇ ਵੀ ਮਿਲਣਗੇ। ਮਾਣ-ਸਨਮਾਨ 'ਚ ਵਾਧਾ ਹੋਵੇਗਾ। ਇਹ ਹਫ਼ਤਾ ਤੁਹਾਡੇ ਲਈ ਖੁਸ਼ੀਆਂ ਵਾਲਾ ਰਹੇਗਾ।

**ਬ੍ਰਿਸ਼ਚਕ** (24 ਅਕਤੂਬਰ ਤੋਂ 22ਨਵੰਬਰ)
ਦਫ਼ਤਰ ਵਿੱਚ ਤੁਹਾਨੂੰ ਇਸ ਹਫ਼ਤੇ ਮਹੱਤਵਪੂਰਣ ਜ਼ਿੰਮੇਵਾਰੀ ਮਿਲਣ ਜਾ ਰਹੀ ਹੈ। ਇਸ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕੁਝ ਖਾਸ ਸਹਿਯੋਗੀਆਂ ਵਲੋਂ ਕੀਤੀ ਜਾਵੇਗੀ। ਦੁਸ਼ਮਣ ਵੀ ਤੁਹਾਡੇ ਵੱਲ ਦੋਸਤੀ ਦਾ ਹੱਥ ਵਧਾਉਣਗੇ। ਬੱਚਿਆਂ ਨਾਲ ਟਕਰਾਓ ਹੋ ਸਕਦਾ ਹੈ। ਵਿਦੇਸ਼ ਜਾਣ ਲਈ ਜਿਹੜੀਆਂ ਪ੍ਰੇਸ਼ਾਨੀਆਂ ਤੇ ਰੁਕਾਵਟਾਂ ਆ ਰਹੀਆਂ ਸਨ ਦੂਰ ਹੋਣਗੀਆਂ।

**ਮੀਨ** (20 ਫ਼ਰਵਰੀ ਤੋਂ 20 ਮਾਰਚ)
ਇਸ ਹਫ਼ਤੇ ਤੁਹਾਡਾ ਕਾਫ਼ੀ ਸਮਾਂ ਪਰਿਵਾਰ ਨਾਲ ਗੁਜ਼ਰੇਗਾ। ਤੁਸੀਂ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰੋਗੇ। ਪਰਿਵਾਰ ਨਾਲ ਕਿਤੇ ਬਾਹਰ ਜਾਣ ਦਾ ਪ੍ਰੋਗਰਾਮ ਬਣ ਸਕਦਾ ਹੈ। ਕਿਸੇ ਜ਼ਮੀਨ ਦੇ ਸੌਦੇ ਨੂੰ ਲੈ ਕੇ ਮਨ ਵਿੱਚ ਬੇਚੈਨੀ ਰਹੇਗੀ। ਪਿਤਾ ਜੀ ਵਲੋਂ ਵੀ ਸਹਾਇਤਾ ਮਿਲੇਗੀ। ਤੁਹਾਡਾ ਰੁਕਿਆ ਹੋਇਆ ਕੋਈ ਕੰਮ ਪੂਰਾ ਹ�ो ਜਾਵੇਗਾ। ਕਿਸੇ ਨੂੰ ਸਲਾਹ ਨਾ ਦਿਓ।

Home Care Workers ਅਤੇ Nanies ਲਈ PR 416-848-3930
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
12 Beds, 7 Baths For 24 Guests 905-965-4644
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 647-625-7205
ਵਕੀਲ ਦੀ ਲੋੜ ? 905-362-0755
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਲੀਗਲ ਸੇਵਾਵਾਂ 905-913-2355

# ਬੋਰਡ ਔਫ਼ ਪੀਸ 'ਚ ਸ਼ਾਮਿਲ ਹੋਣ ਲਈ ਇੱਕ ਅਰਬ ਡਾਲਰ ਦੇਵੇਗਾ SFJ

ਵਾਸ਼ਿੰਗਟਨ: ਸਿੱਖ ਵੱਖਵਾਦੀ ਸੰਗਠਨ ਸਿੱਖਸ ਫ਼ੌਰ ਜਸਟਿਸ (**SFJ**) ਨੇ ਕਿਹਾ ਹੈ ਕਿ ਉਹ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਪ੍ਰਸਤਾਵਿਤ ਬੋਰਡ ਔਫ਼ ਪੀਸ 'ਚ ਸ਼ਾਮਿਲ ਹੋਣ ਲਈ ਇੱਕ ਅਰਬ ਅਮਰੀਕੀ ਡਾਲਰ ਦੇਣ ਲਈ ਤਿਆਰ ਹੈ। ਇਸ ਦੇ ਨਾਲ ਹੀ **SFJ** ਨੇ ਅਮਰੀਕੀ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤ 'ਤੇ ਦਬਾਅ ਬਣਾਏ ਤਾਂ ਜੋ ਭਾਰਤੀ ਪ੍ਰਸ਼ਾਸ਼ਨ ਦੇ ਅਧੀਨ ਪੰਜਾਬ 'ਚ ਖ਼ਾਲਿਸਤਾਨ ਲਈ ਰੈਫ਼ਰੈਂਡਮ ਕਰਵਾਉਣ ਦੀ ਇਜਾਜ਼ਤ ਦਿੱਤੀ ਜਾ ਸਕੇ।

**SFJ** ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂ ਨੇ ਇਹ ਬਿਆਨ ਕਰਾਚੀ ਪ੍ਰੈੱਸ ਕਲੱਬ